ਨੰ: 1●/9/99- ਰਸ5/975-98●

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜ਼ਰਵੇਸ਼ਨ ਸੈਲ)

ਸੇਵਾ ਵਿਖੇ,

ਰਾਜ ਦੇ ਸਮੂਹ,

(1) ਵਿਭਾਗਾਂ ਦੇ ਮੁਖੀ,

(2) ਮੰਡਲਾਂ ਦੇ ਕਮਿਸ਼ਨਰ,

(3) ਡਿਪਟੀ ਕਮਿਸ਼ਨਰ,

(4) ਰਜਿਸਟਰਾਰ ਪੰਜਾਬ ਤੇ ਹਰਿਆਣਾ ਹਾਈ-ਕੋਰਟ,

(5) ਜਿਲ੍ਹਾ ਤੇ ਸੈਸ਼ਨਜ਼ ਜੱਜ,

(6) ਉਪ ਮੰਡਲ ਅਫਸਰ (ਸਿਵਲ)

ਮਿਤੀ, ਚੰਡੀਗੜ੍ਹ, 26 ਮਈ, 2●●5

ਵਿਸ਼ਾ :- ਗੁੱਜਰ ਜਾਤੀ ਨੂੰ ਪੱਛੜੀਆਂ-ਸ੍ਰੇਣੀਆਂ ਦੀ ਸੂਚੀ ਵਿੱਚ ਅਣ-ਮਿੱਥੇ ਸਮੇਂ ਲਈ ਸ਼ਾਮਿਲ ਹੋਏ ਦੀ ਪੁਸ਼ਟੀ ਕਰਨ ਸਬੰਧੀ।

***

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 6816-8 ਐਸ.ਡਬਲਯੂ-12 ਬੀ.ਸੀ 74/13359, ਮਿਤੀ 12-7-1974 (ਕਾਪੀ ਨੱਥੀ) ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਰਾਹੀਂ ਗੁੱਜਰ ਜਾਤੀ ਨੂੰ ਕੇਵਲ ਪੰਜ ਸਾਲ ਲਈ ਪਛੜੀ-ਸ੍ਰੇਣੀ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਸੀ। ਉਪਰੰਤ ਇਸ ਜਾਤੀ ਨੂੰ ਪੱਤਰ ਨੰ: 2798 ਐਸ.ਡਬਲਯੂ.ਏ. 3-79/26569, ਮਿਤੀ 12-9-1979 (ਕਾਪੀ ਨੱਥੀ) ਰਾਹੀਂ ਅਣਮਿੱਥੇ ਸਮੇਂ ਲਈ ਪਛੜੀ-ਸ਼੍ਰੇਣੀ ਘੋਸ਼ਿਤ ਕੀਤਾ ਗਿਆ ਸੀ। ਇਸ ਪੱਤਰ ਦੀ ਵਾਸਤਵਿਕਤਾ ਬਾਰੇ ਮਾਮਲਾ ਵਿਚਾਰਿਆ ਗਿਆ। ਛਾਣ-ਬੀਣ ਕਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਮਿਤੀ 12-9-1979 ਨੂੰ ਜਾਰੀ ਹੋਏ ਪੱਤਰ ਦੀ ਵਾਸਤਵਿਕਤਾ ਨੂੰ ਸਹੀ ਮੰਨਦੇ ਹੋਏ ਗੁੱਜਰ ਜਾਤੀ ਨੂੰ ਅਣਮਿੱਥੇ ਸਮੇਂ ਵਾਸਤੇ ਪਛੜੀ-ਸ਼੍ਰੇਣੀ ਮੰਨਿਆ ਜਾਵੇ।

ਵਧੀਕ ਸਕੱਤਰ ਭਲਾਈ

ਇਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਲਈ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਭਲਾਈ

ਸੇਵਾ ਵਿਖੇ,

(1) ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ।

ਚਲਦਾ ਪੰਨਾ.............

ਪਿਛਲੇ ਪੰਨੇ ਤੋਂ:-

(2) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ।

(3) ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ: ਵਿ: ਪੱ: ਨੰ: 1●/9/99-ਰਸ5/ 981-983 ਮਿਤੀ: 26-5-2●●5

ਪਿਠ ਅੰ: ਨੰ: 1●/9/ 99-ਰਸ5/ 984-985 ਮਿਤੀ: 26-5-2●●5

ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:

(1) ਡਾਇਰੈਕਟਰ,
ਅਨੁਸੂਚਿਤ ਜਾਤੀਆਂ ਤੇ ਪੱਛੜੀਆਂ-ਸ੍ਰੇਣੀਆਂ ਭਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

(2) ਮੈਂਬਰ ਸਕੱਤਰ,
ਪੰਜਾਬ ਰਾਜ ਪੱਛੜੀਆਂ-ਸ੍ਰੇਣੀਆਂ ਕਮਿਸ਼ਨ,
ਚੰਡੀਗੜ੍ਹ।

ਵਧੀਕ ਸਕੱਤਰ ਭਲਾਈ